D-VC1/21/2958-2959
09-11-2021

3944/2
10/11/21

Get support | Close

Compose | Reply | Reply a | Forwar | Delete | Move | Print | Junk | Mark | More

**Fwd: ਵਿਦਿਅਕ ਸੈਸਨ 2021-22 ਦੌਰਾਨ ਘੱਟ ਗਿਣਤੀ ਵਰਗ (s...** Message 5 of 13487

From **MERIT CUM MEANS <minoritymcm@gmail.com>**

To **DRME Punjab <drme6me3@gmail.com> , Sch 3 <sch3merit@gmail.com> , dtescholarship@yahoo.com , directoranimalhusbandary@yahoo.com , registrar@auts.ac.in , academicsectioncupb@gmail.com , scholarships@cumail.in , registrar.pb@chitkarauniversity.edu.in , registrar@ctuniversity.in , Student Section <studentsection@ctuniversity.in> , Director Public Relations <dpr@davuniversity.org> , Scholarship Incharge <Scholarships@deshbhagatuniversity.in> , Registrar GNA University <registrar@gnauniversity.edu.in> , ashwani sethi <ashwani.gku@gmail.com> , REGISTRAR GNDU <reg_gndu@yahoo.com> , jaswinder singh <jsdhillon@rediffmail.com> , scholarships-ssiv@lpu.co.in , nodalofficerpup@gmail.com , Rajiv Gandhi National University of Law Punjab <info@rgnul.ac.in> , PRADEEP SHARMA <pradeepsharma.rayatbahr Director Welfare <directorwelfarepunjab@gma pswscbc@punjab.gov.in**

Date **Today 14:08**

ਕਿਰਪਾ ਕਰਕੇ ਇਸ ਇਮੇਲ ਨੂੰ ਲਿਆ ਜਾਵੇ ਕਿਉਂ ਕਿ ਪਹਿਲੀ ਭੇਜੀ ਇਮੇਲ ਵਿੱਚ ਕੋਰਸਾਂ ਦੀ ਲਿਸਟ ਅਤੇ ਸਕੀਮ ਦੀ ਗਾਇਡਲਾਈਨਜ ਨਹੀਂ ਭੇਜੀ ਗਈ ਸੀ
ਵੱਲੋਂ

New Doc 2021-... (~569 KB)
List of Courses .pdf (~59 KB)
FAQ.pdf (~213 KB)
Guidelines MCM... (~965 KB)
Download all attachments

ਡਾਇਰੈਕਟੋਰੇਟ

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ

ਐਸ.ਸੀ.ਐਫ.ਨੰ: 7, ਫੇਸ-1, ਐਸ. ਏ. ਐਸ. ਨਗਰ

DW
DSBC

9/11/2021

PA
PD. circulate
DW
10/11/21

ਡਾਇਰੈਕਟੋਰੇਟ

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ।

ਐਸ.ਸੀ.ਓ.ਨੰ: 7, ਫੇਸ-1, ਐਸ. ਏ. ਐਸ. ਨਗਰ

ਸੇਵਾ ਵਿਖੇ

1. ਡਾਇਰੈਕਟਰ,
ਡੀ.ਪੀ.ਆਈ. ਕਾਲਜਾਂ,
ਪੰਜਾਬ, ਐਸ.ਏ.ਐਸ.ਨਗਰ

2. ਡਾਇਰੈਕਟਰ,
ਮੈਡੀਕਲ ਅਤੇ ਖੋਜ ਸਿੱਖਿਆ,
ਪੰਜਾਬ, ਐਸ.ਏ.ਐਸ.ਨਗਰ।

3. ਡਾਇਰੈਕਟਰ,
ਤਕਨੀਕੀ ਸਿੱਖਿਆ (ਇੰਜ. ਵਿੰਗ),
ਪੰਜਾਬ, ਚੰਡੀਗੜ੍ਹ।

4. ਡਾਇਰੈਕਟਰ
ਪਸ਼ੂ ਪਾਲਣ ਵਿਭਾਗ,
ਪੰਜਾਬ, ਚੰਡੀਗੜ੍ਹ।

5. ਵਾਈਸ ਚਾਂਸਲਰ,
ਸਮੂਹ ਯੂਨੀਵਰਸਿਟੀ,
ਪੰਜਾਬ ਰਾਜ।

ਮੀਮੋ ਨੰਬਰ: 136-140

ਮਿਤੀ, ਐਸ.ਏ.ਐਸ.ਨਗਰ। 03/11/21

ਵਿਸ਼ਾ: ਵਿਦਿਅਕ ਸੈਸ਼ਨ 2021-22 ਦੌਰਾਨ ਘੱਟ ਗਿਣਤੀ ਵਰਗ (six notified minority Communities, viz. Muslim,Christian, Sikh, Buddhist, Jain, Parsi (Zoroastrian) ਦੇ ਯੋਗ ਵਿਦਿਆਰਥੀਆਂ (ਪ੍ਰੋਫੈਸ਼ਨਲ ਅਤੇ ਤਕਨੀਕੀ ਕੋਰਸ ਕਰਦੇ) ਨੂੰ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in ਤੇ ਆਨਲਾਇਨ ਅਪਲਾਈ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਧੀਨ [illegible] ਵਿੱਚ ਪੜ੍ਹਦੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੀਆਂ ਦਰਖਾਸਤਾਂ ਨੂੰ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਅਧੀਨ National Scholarship Portal ਤੇ ਦਰਜ ਕਰਵਾਇਆ ਜਾਵੇ ਤਾਂ ਜੋ Minority Communities ਨਾਲ ਸਬੰਧਤ ਵਿਦਿਆਰਥੀ, ਜਿਨ੍ਹਾਂ ਦੀ ਪਰਿਵਾਰਕ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੈ, ਇਸ ਸਕੀਮ ਦਾ ਲਾਭ ਪ੍ਰਾਪਤ ਕਰ ਸਕਣ। ਪੋਰਟਲ ਤੇ ਪ੍ਰਾਪਤ ਅੰਕੜਿਆਂ ਅਨੁਸਾਰ ਬਹੁਤ ਘੱਟ ਵਿਦਿਆਰਥੀਆਂ ਵੱਲੋਂ ਮੈਰਿਟ ਕਮ ਮੀਨਜ ਸਕੀਮ ਫਾਰ ਮਾਇਨੋਰਟੀ ਅਧੀਨ ਅਪਲਾਈ ਕੀਤਾ ਗਿਆ ਹੈ, ਇਸ ਲਈ ਵਿਸ਼ੇਸ ਧਿਆਨ ਦਿੰਦੇ ਹੋਏ ਇਸ ਸਕੀਮ ਅਧੀਨ ਕਵਰ ਹੁੰਦੇ ਹੋਏ ਯੋਗ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣ ਲਈ ਉਪਰਾਲੇ ਕੀਤੇ ਜਾਣ ਦੀ ਜਰੂਰਤ ਹੈ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪਿਛਲੇ ਕੁਝ ਸਾਲਾ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਵਿਦਿਆਰਥੀ ਜੋ ਕਿ ਮੈਰਿਟ ਕਮ ਮੀਨਜ ਬੇਸਡ ਸਕਾਲਰਸ਼ਿਪ ਸਕੀਮ ਫਾਰ ਮਾਇਨੋਰਟੀ ਅਧੀਨ ਕਵਰ ਹੁੰਦੇ ਹਨ ਪਰੰਤੂ ਉਨਾਂ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਮਨਿਓਰਟੀ ਵਿੱਚ ਅਪਲਾਈ ਕਰ ਦਿੱਤਾ ਜਾਂਦਾ ਹੈ ਜਿਸ ਨਾਲ ਓਹਨਾਂ ਨੂੰ ਸਕਾਲਰਸ਼ਿਪ ਦੀ ਰਾਸ਼ੀ ਘੱਟ ਮਿਲਦੀ ਹੈ ਜਦੋਂ ਕਿ ਮੈਰਿਟ ਕਮ ਮੀਨਜ ਬੇਸਡ ਸਕਾਲਰਸ਼ਿਪ ਦੀ ਰਾਸ਼ੀ ਵੱਧ ਮਿਲਦੀ ਹੈ। ਇਸ ਲਈ ਮੈਰਿਟ ਕਮ ਮੀਨਜ ਸਕੀਮ ਦੀ ਗਾਇਡਲਾਇਨਜ਼ ਤੇ ਕੋਰਸਾਂ ਦੀ ਲਿਸਟ ਆਪ ਨੂੰ ਭੇਜੀ ਜਾ ਰਹੀ ਹੈ ਤਾਂ ਕਿ ਵਿਦਿਆਰਥੀ ਆਪਣੇ ਕੋਰਸ ਅਨੁਸਾਰ ਸਹੀ ਸਕੀਮ ਵਿੱਚ ਅਪਲਾਈ ਕਰ ਸਕਣ।

Scanned by CamScanner

ਇਸ ਤੋਂ ਇਲਾਵਾ ਆਪ ਨੂੰ ਇਹ ਵੀ ਜਾਣੂ ਕਰਵਾਇਆ ਜਾਂਦਾ ਹੈ ਕਿ ਪੰਜਾਬ ਰਾਜ ਦੀਆਂ ਤਿੰਨ ਵਿੱਦਿਅਕ ਸੰਸਥਾਵਾਂ 1) Dr. B.R. Ambedkar National Institute of Technology , Jalandhar, 2) Sant Longowal Institute of Engineering and Technology (SLIET) Longowal, Sangrur, 3) Indian Institute of Technology, Rupnagar listed ਸੰਸਥਾਵਾਂ ਦੀ ਸੂਚੀ ਵਿੱਚ ਸ਼ਾਮਿਲ ਹਨ। ਮਨਿਸਟਰੀ ਦੀਆਂ ਹਦਾਇਤਾਂ ਅਨੁਸਾਰ ਕੇਵਲ ਇਹਨਾਂ ਤਿੰਨ ਸੰਸਥਾਵਾਂ ਦੇ ਵਿਦਿਆਰਥੀਆਂ ਦੀ ਪੂਰੀ ਫੀਸ reimbursed ਹੋਵੇਗੀ। ਇਸ ਲਈ ਇਹਨਾਂ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਸਾਰੇ ਡਾਕੂਮੈਂਟ ਧਿਆਨ ਪੂਰਵਕ ਅਪਲੋਡ ਕਰਨੇ ਅਤਿ ਜਰੂਰੀ ਹਨ। ਗੈਰ ਲਿਸਟਿਡ ਸੰਸਥਾਵਾਂ (ਜੋ ਕਿ ਲਿਸਟਿਡ ਸੰਸਥਾਵਾਂ ਨਹੀਂ ਹਨ) ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ 30,000/- ਰੁਪਏ ਦੀ ਸਕਾਲਰਸ਼ਿਪ ਮਿਲੇਗੀ, ਇਸ ਕਰਕੇ ਘੱਟ ਗਿਣਤੀ ਮੰਤਰਾਲੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ (FAQ, Flag B, para 3) ਗੈਰ ਲਿਸਟਿਡ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਕੋਈ ਵੀ ਡਾਕੂਮੈਂਟ ਅਪਲੋਡ ਕਰਨ ਦੀ ਜਰੂਰਤ ਨਹੀਂ ਹੈ। ਪਰ ਸੰਸਥਾਵਾਂ ਲਈ ਇਹ ਅਤਿ ਜਰੂਰੀ ਹੈ ਕਿ ਉਹ ਸਬੰਧਤ ਵਿਦਿਆਰਥੀਆਂ ਦੇ ਸਾਰੇ ਲੋੜੀਂਦੇ ਡਾਕੂਮੈਂਟ ਆਪਣੇ ਪੱਧਰ ਤੇ ਪੂਰੀ ਤਰ੍ਹਾਂ ਘੋਖਣ ਤੋਂ ਬਾਅਦ ਹੀ ਐਪਲੀਕੇਸ਼ਨ ਵੈਰੀਫਾਈ ਕਰਕੇ ਅੱਗੇ ਫਾਰਵਰਡ ਕਰਨ ,ਅਗਰ ਕੋਈ ਵੀ ਗਲਤ ਦਰਖਾਸਤ ਜਾਂ ਸਕਾਲਰਸ਼ਿਪ ਸਕੀਮ ਅਧੀਨ ਕਵਰ ਨਾ ਹੁੰਦਾ ਵਿਦਿਆਰਥੀ ਆਨਲਾਇਨ ਪੋਰਟਲ ਤੇ ਫਾਰਵਰਡ ਕੀਤਾ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

ਇਸਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਘੱਟ ਗਿਣਤੀ ਵਰਗਾਂ ਨਾਲ ਸਬੰਧਤ ਪ੍ਰੋਫੈਸ਼ਨਲ ਅਤੇ ਤਕਨੀਕੀ ਕੋਰਸ ਕਰਦੇ ਯੋਗ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਦੇ ਅਧੀਨ ਆਉਂਦੀਆਂ ਸਮੂਹ ਵਿੱਦਿਅਕ ਸੰਸਥਾਵਾਂ ਨੂੰ ਮੈਰਿਟ-ਕਮ-ਮੀਨਸ ਬੇਸਡ ਸਕੀਮ ਤਹਿਤ ਆਨ-ਲਾਈਨ ਦਰਖਾਸਤਾਂ ਮਿਤੀ 30-11-2021 ਤੱਕ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਦਰਜ ਕਰਵਾਕੇ ਮਿਤੀ 15-12-2021 ਤੱਕ ਵੈਰੀਫਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

*** ਇਸ ਤੋਂ ਇਲਾਵਾ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾ ਅਨੁਸਾਰ ਉਕਤ ਸਕੀਮ ਤਹਿਤ ਹਰ ਵਿਦਿਆਰਥੀ ਵੱਲੋਂ ਅਪਲਾਈ ਕਰਨ ਵੇਲੇ ਅਧਾਰ ਬੇਸਡ ਜਾਣਕਾਰੀ ਹੀ ਭਰੀ ਜਾਵੇ।

ਨੱਥੀ:

1. ਸਕੀਮ ਦੀ ਗਾਇਡਲਾਇਨਜ ਤੇ ਕੋਰਸਾ ਦੀ ਲਿਸਟ ( Flag –A)
2. ਸਕੀਮ ਨਾਲ ਸਬੰਧਤ FAQ (Flag-B) ਨੱਥੀ।

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

ਪਿੱਠ ਅੰਕਣ ਨੰਬਰ: 141-142 ਮਿਤੀ. ਐਸ.ਏ.ਐਸ.ਨਗਰ। 03/11/21

ਉਤਾਰਾ: ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਜੀ:-

1. ਡਾਇਰੈਕਟਰ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਨੂੰ ਸੂਚਨਾ ਹਿੱਤ ਜੀ।
2. ਨਿੱਜੀ ਸਕੱਤਰ, ਪ੍ਰਮੁੱਖ ਸਮਾਜਿਕ ਸਕੱਤਰ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਜੀ ਦੀ ਸੂਚਨਾ ਹਿੱਤ।

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

Scanned by CamScanner